# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 6227/ਕਾਲਜ/ਸ- 6

ਮਿਤੀ 14/2/23

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਲਾਅ ਕਾਲਜਾਂ ਦੇ, ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ
ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਚਲਦੇ ਲਾਅ ਕੋਰਸ ਲਈ
ਪ੍ਰਿੰਸੀਪਲ ਸਾਹਿਬ ਨੂੰ

ਵਿਸ਼ਾ:- ਲਾਅ ਕਾਲਜਾਂ ਵਿਖੇ ਚਲਦੇ ਲਾਅ ਕੋਰਸਾਂ ਲਈ ਲੋੜੀਂਦਾ ਟੀਚਿੰਗ ਸਟਾਫ ਨਿਯੁਕਤ ਕਰਨ ਸਬੰਧੀ।

ਯੂਨੀਵਰਸਿਟੀ ਨਾਲ ਸਬੰਧਤ ਲਾਅ ਕਾਲਜਾਂ ਵਿਖੇ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਹਰੇਕ ਕੋਰਸ/ਵਿਸ਼ੇ ਲਈ ਘੱਟੋ-ਘੱਟ ਇੱਕ ਅਧਿਆਪਕ ਅਤੇ ਲੋੜੀਂਦੇ ਅਧਿਆਪਨ ਸਟਾਫ ਦਾ 2/3 ਹਿੱਸਾ ਰੈਗੂਲਰ ਆਧਾਰ ਤੇ ਹੋਣਾ ਜਰੂਰੀ ਹੈ, ਪਰੰਤੂ ਜਿਆਦਾਤਰ ਸਬੰਧਤ ਲਾਅ ਕਾਲਜਾਂ ਵੱਲੋਂ ਰੈਗੂਲਰ ਪ੍ਰਿੰਸੀਪਲ, ਲਾਇਬ੍ਰੇਰੀਅਨ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਨਿਯਮਾਂ ਅਨੁਸਾਰ ਨਹੀ ਕੀਤੀ ਜਾਂਦੀ। ਇਸ ਤੋਂ ਇਲਾਵਾ ਕੁੱਝ ਲਾਅ ਕਾਲਜਾਂ ਵੱਲੋਂ ਮੁਆਇਨਾ ਕਮੇਟੀ ਵੱਲੋਂ ਲਗਾਈਆਂ ਗਈਆਂ ਸ਼ਰਤਾਂ ਦੀ ਪੂਰਤੀ ਵੀ ਨਹੀ ਕੀਤੀ ਜਾਂਦੀ। ਇਸ ਸਬੰਧੀ ਵੱਖ-ਵੱਖ ਕਾਲਜਾਂ ਨੂੰ ਵਾਰ-ਵਾਰ ਲਿਖਣ ਦੇ ਬਾਵਜੂਦ ਵੀ ਇਹਨਾਂ ਸ਼ਰਤਾਂ ਦੀ ਪੂਰਤੀ ਸਬੰਧੀ ਕੋਈ ਗੰਭੀਰਤਾ ਨਹੀ ਦਿਖਾਈ ਜਾ ਰਹੀ ਹੈ।

ਇਸ ਤੋਂ ਇਲਾਵਾ ਕੁੱਝ ਕਾਲਜਾਂ ਦੀਆਂ ਲਾਅ ਕੋਰਸਾਂ ਲਈ ਬਾਰ ਕੌਂਸਲ ਆਫ ਇੰਡੀਆ, ਨਿਊ ਦਿੱਲੀ ਦੀ ਲੋੜੀਂਦੀਆਂ ਪਿਛਲੀਆਂ ਅਪਰੂਵਲਾਂ ਵੀ ਪੈਂਡਿੰਗ ਹਨ।

ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਲਾਅ ਕੋਰਸਾਂ/ਵਿਸ਼ਿਆਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਕਰਕੇ ਅਤੇ ਸੈਸ਼ਨ 2022-23 ਤੱਕ ਦੀਆਂ ਲੋੜੀਂਦੀਆਂ ਅਪਰੂਵਲਾਂ ਪ੍ਰਾਪਤ ਕਰਕੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ (14.3.2023 ਤੱਕ) ਹਸਤਾਖਰਕਰਤਾ ਨੂੰ ਸੂਚਿਤ ਕੀਤਾ ਜਾਵੇ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੈਸ਼ਨ 2023-24 ਲਈ ਚਲ ਰਹੇ ਲਾਅ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਲਈ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ/ਕੋਆਰਡੀਨੇਟਰ ਪੰਜਾਬ ਲਾਅ ਦਾਖਲਾ ਸੈਲ ਲਈ ਯੂਨੀਵਰਸਿਟੀ ਵੱਲੋਂ ਸਬੰਧਤ ਕਾਲਜ ਦਾ ਨਾਮ ਨਹੀ ਭੇਜਿਆ ਜਾਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

14/2/23

ਡੀਨ, ਕਾਲਜ ਵਿਕਾਸ ਕੌਂਸਲ